BN-7

# ਫ਼ਿਸ਼ਿੰਗ ਅਟੈਕਾਂ ਸੰਬੰਧੀ ਗਾਹਕਾਂ ਨੂੰ ਆਰਬੀਆਈ ਦਾ ਮਹੱਤਵਪੂਰਨ ਸੂਚਨਾ

- **ਰਿਜ਼ਰਵ ਬੈਂਕ ਆਫ਼ ਇੰਡੀਆ ਵੱਲੋਂ ਹੋਣ ਦਾ ਦਾਅਵਾ ਕਰਨ ਵਾਲੇ ਫ਼ਿਸ਼ਿੰਗ ਈ-ਮੇਲਾਂ ਦਾ ਕੋਈ ਜਵਾਬ ਨਾ ਦਿਓ।**

- ਰਿਜ਼ਰਵ ਬੈਂਕ ਆਫ਼ ਇੰਡੀਆ ਦੇ ਧਿਆਨ ਵਿੱਚ ਆਇਆ ਹੈ ਕਿ ਰਿਜ਼ਰਵ ਬੈਂਕ ਦੇ ਨਾਮ ਨਾਲ ਈ-ਮੇਲ ਭੇਜੇ ਜਾ ਰਹੇ ਹਨ ਕਿ ''ਬੈਂਕ ਗਾਹਕਾਂ ਨੂੰ ਬੁਲਾਵਾ ਦਿੱਤਾ ਜਾਂਦਾ ਹੈ ਆਪਣੇ ਬੈਂਕ ਖਾਤਿਆਂ ਦੀ ਜਾਣਕਾਰੀ ਦੇਣ।''

- ਰਿਜ਼ਰਵ ਬੈਂਕ ਇਹ ਸਪਸ਼ਟ ਕਰਦਾ ਹੈ ਕਿ ਉਹ ਕੋਈ ਵੀ ਅਜਿਹੀਆਂ ਈ-ਮੇਲ **ਨਹੀਂ** ਭੇਜਦਾ। ਰਿਜ਼ਰਵ ਬੈਂਕ ਜਾਂ ਕੋਈ ਵੀ ਬੈਂਕ ਕਦੇ ਵੀ, ਕਿਸੇ ਵੀ ਮਤਲਬ ਲਈ, ਬੈਂਕ ਖਾਤਿਆਂ ਦੇ ਵੇਰਵੇ ਦੀ ਮੰਗ ਕਰਨ ਲਈ ਸੰਦੇਸ਼ ਨਹੀਂ ਭੇਜਦੇ। **ਰਿਜ਼ਰਵ ਬੈਂਕ ਜਨਤਾ ਨੂੰ ਅਪੀਲ ਕਰਦਾ ਹੈ ਕਿ ਐਸੇ ਈ-ਮੇਲਾਂ ਦਾ ਕਦੇ ਵੀ ਜਵਾਬ ਨਾ ਦਿਓ ਅਤੇ ਕਿਸੇ ਨਾਲ ਵੀ ਕਿਸੇ ਵੀ ਮਤਲਬ ਲਈ ਆਪਣੇ ਬੈਂਕ ਖਾਤੇ ਬਾਰੇ ਵੇਰਵਾ ਸਾਂਝਾ ਨਾ ਕਰੋ।**

- ਧੋਖੇਬਾਜ਼ ਲੋਕ ਪੱਤਰਾਂ, ਈ-ਮੇਲਾਂ, ਮੋਬਾਈਲ ਫ਼ੋਨਾਂ ਅਤੇ ਐਸਐਮਐਸਾਂ ਆਦਿ ਰਾਹੀਂ ਜਨਤਾ ਨੂੰ ਆਕਰਸ਼ਕ ਪੇਸ਼ਕਾਰੀਆਂ ਵੀ ਭੇਜਦੇ ਹਨ। ਇਸ ਤਰ੍ਹਾਂ ਦੀਆਂ ਪੇਸ਼ਕਾਰੀਆਂ ਨੂੰ ਭਰੋਸੇਯੋਗ ਬਣਾਉਣ ਲਈ, ਇਹ ਸੰਦੇਸ਼ ਆਮ ਤੌਰ ਤੇ ਐਸੇ ਲੈਟਰਹੈਂਡਾਂ ਉੱਤੇ/ਵੇਬਸਾਈਟਾਂ ਵੱਲੋਂ ਭੇਜੇ ਜਾਂਦੇ ਹਨ ਕਿ ਇਹ ਲੱਗੇ ਜਿਵੇਂ ਇਹ ਕਿਸੇ ਪਬਲਿਕ ਅਥਾਰਿਟੀ ਜਿਵੇਂ ਰਿਜ਼ਰਵ ਬੈਂਕ ਆਫ਼ ਇੰਡੀਆ ਵੱਲੋਂ ਭੇਜੇ ਗਏ ਹਨ। ਵੇਖਣਾ ਨੂੰ ਇਨਾਂ ਪੇਸ਼ਕਾਰੀਆਂ ਉੱਤੇ ਐਸੀਆਂ ਅਥਾਰਿਟੀਆਂ ਦੇ ਓੱਚ ਅਧਿਕਾਰੀਆਂ/ਸੀਨੀਅਰ ਅਫ਼ਸਰਾਂ ਦੇ ਦਸਤਖ਼ਤ ਹੋਏ ਵਿਖਾਏ ਜਾਂਦੇ ਹਨ। ਹੋ ਸਕਦਾ ਹੈ, ਸਿਰਫ਼ ਅਫ਼ਸਰਾਂ ਦੇ ਨਾਂ ਸ਼ਾਇਦ ਸਹੀ ਹੋਣ, ਪਰ ਉਹਨਾਂ ਦੇ ਦਸਤਖ਼ਤ ਨਕਲੀ ਹੁੰਦੇ ਹਨ। ਪੇਸ਼ਕਾਰੀ ਦਸਤਾਵੇਜ਼ ਵਿੱਚ ਐਸੇ ਅਖਾਉਤੀ ਆਰਬੀਆਈ ਅਫ਼ਸਰ ਦਾ ਸੰਪਰਕ ਵੇਰਵਾ ਹੁੰਦਾ ਹੈ ਜੋ ਰਿਜ਼ਰਵ ਬੈਂਕ / ਸਰਕਾਰ / ਲੋਕ-ਸਾਸ਼ਣ ਦੇ ਕਿਸੇ ਵਿਭਾਗ ਵਿੱਚ ਕੰਮ ਕਰ ਰਿਹਾ ਹੋਵੇ। **ਰਿਜ਼ਰਵ ਬੈਂਕ ਜਨਤਾ ਨੂੰ ਵਿਦੇਸ਼ਾਂ ਤੋਂ ਪੈਸੇ ਦੀਆਂ ਐਸੀਆਂ ਪੇਸ਼ਕਾਰੀਆਂ ਦਾ ਕਿਸੇ ਵੀ ਤਰ੍ਹਾਂ ਜਵਾਬ ਦੇਣ ਤੋਂ ਸਾਵਧਾਨ ਕਰਾਉਂਦਾ ਹੈ।**

- **ਜਨਤਾ ਨੂੰ ਇਸ ਬਾਰੇ ਵੀ ਸਾਵਧਾਨ ਕੀਤਾ ਜਾਂਦਾ ਹੈ ਕਿ ਉਹ ਅਣਜਾਣੀਆਂ ਹਸਤੀਆਂ ਵੱਲੋਂ ਐਸੀਆਂ ਸਕੀਮਾਂ/ਪੇਸ਼ਕਾਰੀਆਂ ਵਿੱਚ ਭਾਗ ਲੈਣ ਲਈ ਕੋਈ ਵੀ ਰਕਮ ਭੇਜਣ ਤੋਂ ਗੁਰੇਜ਼ ਕਰਨ** ਕਿਉਂਕਿ ਐਸੀ ਰਕਮ ਭੇਜਣੀ ਗੈਰਕਾਨੂੰਨੀ ਹੈ ਅਤੇ ਜੇ ਭਾਰਤ ਵਿੱਚ ਕੋਈ ਵੀ ਨਿਵਾਸੀ ਐਸੀਆਂ ਅਦਾਇਗੀਆਂ, ਸਿੱਧੇ / ਅਸਿੱਧੇ ਢੰਗ ਨਾਲ ਵਸੂਲ ਕਰਦਾ ਅਤੇ ਭਾਰਤ ਤੋਂ ਬਾਹਰ ਭੇਜਦਾ ਹੈ, ਤਾਂ ਫ਼ਾਰੇਨ ਐਕਸਚੇਂਜ ਮੈਨੇਜਮੈਂਟ ਐਕਟ, 1999 ਦੀ ਉਲੰਘਣਾ ਕਰਨ ਲਈ ਉਸ ਦੇ ਖ਼ਿਲਾਫ਼ ਕਾਨੂੰਨੀ ਕਾਰਵਾਈ ਕੀਤੀ ਜਾ ਸਕਦੀ ਹੈ। ਐਸੀਆਂ ਪੇਸ਼ਕਾਰੀਆਂ ਧੋਖੇਬਾਜ਼ੀ ਦਾ ਕੰਮ ਹਨ ਅਤੇ ਜੇ ਕੋਈ ਐਸੀ ਪੇਸ਼ਕਾਰੀ ਪ੍ਰਾਪਤ ਕਰਦਾ ਹੈ ਜਾਂ ਐਸੀ ਕਿਸੇ ਠੱਗੀ ਦਾ ਸ਼ਿਕਾਰ ਹੁੰਦਾ ਹੈ ਤਾਂ ਉਸ ਨੂੰ ਲੋਕਲ ਪੁਲੀਸ/ਸਾਈਬਰ-ਕਰਾਈਮ ਅਥਾਰਿਟੀਆਂ ਨੂੰ ਫ਼ੌਰਨ ਸ਼ਿਕਾਇਤ ਦਰਜ ਕਰਾਉਣੀ ਚਾਹੀਦੀ ਹੈ।

- **ਰਿਜ਼ਰਵ ਬੈਂਕ ਉਪਰੋਕਤ ਦੱਸੇ ਹੋਏ ਇਹੋ ਜਿਹੇ ਕਿਸੇ ਵੀ ਤਰ੍ਹਾਂ ਦੇ ਲੈਣ-ਦੇਣ ਦਾ ਪ੍ਰਬੰਧ ਕਰਨ ਦਾ ਕੰਮ ਨਹੀਂ ਕਰਦਾ, ਭਾਵੇਂ ਇਸ ਨੂੰ ਕੋਈ ਵੀ ਨਾਂ ਦੇ ਦਿਓ, ਅਤੇ ਐਸੇ ਜਾਅਲੀ ਸੰਦੇਸਾਂ ਦੇ ਜਵਾਬ ਵਿੱਚ ਭੇਜੀ ਰਕਮ ਨੂੰ ਵਾਪਸ ਪ੍ਰਾਪਤ ਕਰਨ ਲਈ ਕੋਈ ਵੀ ਜ਼ਿੰਮੇਵਾਰੀ ਨਹੀਂ ਲੈਂਦਾ।**

Validity : Permanent
Ver : BN7_V1.0_Sep11

ਐਚ ਡੀ ਐਫ਼ ਸੀ ਬੈਂਕ
ਅਸੀ ਸਮਝਦੇ ਹਾਂ ਤੁਹਾਡੀ ਦੁਨੀਆਂ